# ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਮਾਨਸਾ

ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੇ ਕਮਰਾ ਨੰਬਰ 87 ਅਤੇ 88 ਵਿੱਚ ਸਥਿਤ ਹੈ। ਇਸ ਵਿਭਾਗ ਦੀਆਂ ਸਕੀਮਾਂ ਹੇਠ ਲਿਖੀਆਂ ਹਨ।

## 1. *ਡੀ ਐਮ 2.1 ਟਰੇਨਿੰਗ ਇੰਨਫਰਾਸਟਰਕਚਰ ਇੰਨ ਡੇਅਰਿੰਗ ਫਾਰ ਰੂਰਲ ਅਨਇੰਪਲਾਇਡ ਯੂਥ ਫਾਰ ਕਮਰਸੀਅਲਾਈਜਡ ਮਿਲਕ :-*

ਡੇਅਰੀ ਵਿਕਾਸ ਵਿਭਾਗ ਵੱਲੋਂ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਪੇਂਡੂ ਖੇਤਰਾਂ ਵਿੱਚ ਸਵੈ-ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਦੁੱਧ ਦੇ ਉਤਪਾਦਨ ਵਿੱਚ ਵਾਧਾ ਕਰਨ ਲਈ ਦੁੱਧ ਉਤਪਾਦਕਾਂ ਨੂੰ ਡੇਅਰੀ ਦੇ ਤਕਨੀਕੀ ਢੰਗਾਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਵਿਭਾਗ ਵੱਲੋਂ ਵਿਸ਼ੇਸ਼ ਰੋਜਗਾਰ ਮੁਹਿੰਮ ਚਲਾਈ ਗਈ ਹੈ। ਇਸ ਪ੍ਰੋਗਰਾਮ ਅਧੀਨ ਪੜ੍ਹੇ-ਲਿਖੇ ਪੇਂਡੂ ਬੇਰੁਜਗਾਰ ਨੌਜਵਾਨਾਂ ਨੂੰ ਜਿਹਨਾਂ ਦੀ ਉਮਰ 18 ਤੋਂ 45 ਸਾਲਾਂ ਦੇ ਵਿਚਕਾਰ ਹੋਵੇ, ਨੂੰ ਡੇਅਰੀ ਦੇ ਧੰਦੇ ਨੂੰ ਵਪਾਰਕ ਲੀਹਾਂ ਤੇ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਚੁਣੇ ਗਏ ਸਿਖਿਆਰਥੀਆਂ ਨੂੰ ਦੁਧਾਰੂ ਪਸ਼ੂਆਂ ਦੇ ਨਸਲ ਸੁਧਾਰ, ਖੁਰਾਕ ਅਤੇ ਪਸ਼ੂਆਂ ਦੀ ਸੰਭਾਲ ਸੰਬੰਧੀ 15 ਦਿਨਾਂ ਦੀ ਸਿਖਲਾਈ, ਵਿਭਾਗ ਦੇ ਸਿਖਲਾਈ ਕੇਂਦਰ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਦਿੱਤੀ ਜਾਂਦੀ ਹੈ। ਸਿਖਲਾਈ ਸਮੇਂ ਦੌਰਾਨ ਸਿਖਿਆਰਥੀਆਂ ਨੂੰ ਰਹਿਣ ਲਈ ਹੋਸਟਲ ਸਹੂਲਤਾਂ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਹਨ। ਸਿਖਲਾਈ ਉਪਰੰਤ ਸਿਖਿਆਰਥੀਆਂ ਨੂੰ ਦੁਧਾਰੂ ਪਸ਼ੂਆਂ ਦੀ ਖਰੀਦ ਲਈ ਵਿਤੀ ਸੰਸਥਾ ਤੋਂ ਕਰਜ਼ੇ ਦਿਵਾਏ ਜਾਂਦੇ ਹਨ। ਪੜ੍ਹੇ-ਲਿਖੇ ਬੇਰੁਜਗਾਰ ਨੌਜਵਾਨਾਂ ਨੂੰ 5 ਤੋਂ 50 ਦੁਧਾਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਿਤ ਕਰਨ ਲਈ ਲਾਭਪਾਤਰੀਆਂ ਨੂੰ ਵਿਤੀ ਸੰਸਥਾਵਾਂ ਤੋਂ ਕਰਜ਼ੇ ਦੁਆਏ ਜਾਂਦੇ ਹਨ।

ਸਮੇਂ-ਸਮੇਂ ਲਾਭਪਾਤਰੀਆਂ ਦਾ ਯੂਨਿਟ ਵਿਜਟ ਕਰਕੇ ਉਸਨੂੰ ਤਕਨੀਕੀ ਗਿਆਨ ਅਤੇ ਦਰਪੇਸ਼ ਮੁਸ਼ਕਿਲਾਂ ਦੇ ਹੱਲ ਸੁਲਝਾਏ ਜਾਂਦੇ ਹਨ।

## 2 *ਸਕੀਮ ਡੀ. ਐਮ. 3.1 ਦੁੱਧ ਉਤਪਾਦਕਾਂ ਨੂੰ ਡੇਅਰੀ ਦੇ ਉਨਤ ਤਰੀਕਿਆਂ ਦੀ ਸਿਖਲਾਈ ਅਤੇ ਪਸ਼ੂਆਂ ਦੀ ਸੰਭਾਲ ਬਾਰੇ।*

ਰਾਜ ਵਿੱਚ ਖੇਤਰ ਆਰਥਿਕ ਅਧਾਰ ਲਈ ਇੱਕ ਖਾਸ ਮਹੱਤਵ ਰੱਖਦਾ ਹੈ। ਜਿਸ ਰਾਹੀ ਵਿਭਾਗ ਰਾਜ ਦੇ ਕਿਸਾਨਾਂ ਨੂੰ ਖਾਸ ਕਰਕੇ ਛੋਟੇ ਕਿਸਾਨਾਂ ਨੂੰ ਡੇਅਰੀ ਦਾ ਕਿੱਤਾ ਅਪਨਾਉਣ ਲਈ ਪ੍ਰੇਰਿਤ ਕਰਦਾ ਹੈ। ਇਸ ਵਿਭਾਗ ਦੇ ਕਿਸਾਨਾਂ ਨੂੰ ਉਹਨਾਂ ਦੇ ਘਰਾਂ ਕੋਲ ਜਾ ਕੇ ਡੇਅਰੀ ਨੂੰ ਤਕਨੀਕੀ ਢੰਗਾਂ ਨਾਲ ਅਪਨਾਉਣ ਅਤੇ ਪਸ਼ੂਆਂ ਦੀ ਚੰਗੀ ਦੇਖਭਾਲ ਕਰਨ ਸੰਬੰਧੀ ਤਕਨੀਕੀ ਜਾਣਕਾਰੀ ਦੇਣਾ ਇੱਕ ਖਾਸ ਕੰਮ ਹੈ। ਇਸ ਮੰਤਵ ਲਈ ਇਸ ਵਿਭਾਗ ਵਲੋਂ ਡੇਅਰੀ ਸਿਖਲਾਈ ਕੋਰਸਾਂ ਰਾਹੀਂ ਕਿਸਾਨਾਂ ਨੂੰ ਦੋ ਦਿਨਾਂ ਸਿਖਲਾਈ ਉਹਨਾਂ ਦੀਆਂ ਬਰੂਹਾਂ ਤੇ ਦਿੱਤੀ ਜਾਂਦੀ ਹੈ।

ਸਿਖਲਾਈ ਦੌਰਾਨ ਬਰੀਡਿੰਗ, ਫੀਡਿੰਗ ਅਤੇ ਪਸ਼ੂਆਂ ਦੇ ਰੱਖ-ਰਖਾ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ।